ਦਫਤਰ ਡਾਇਰੈਕਟਰ ਸਿੱਖਿਆ ਅਵਿਭਾਗ (ਸੈਸਿ) ਪੰਜਾਬ, ਸ.ਅ.ਸ. ਨਗਰ
(ਵੋਕੇਸ਼ਨਲ ਸ਼ਾਖਾ)

ਹੁਕਮ ਨੰ: KW-5/46-15 ਵੋਕ (3)
ਮਿਤੀ, ਸਅਸ ਨਗਰ- 19-8-16.

ਪੰਜਾਬ ਸਰਕਾਰ ਸਕੂਲ ਸਿੱਖਿਆ (ਸਿੱਖਿਆ-5 ਸ਼ਾਖਾ) ਜੀ ਦੇ ਪੱਤਰ ਨੰ: 19/52/2016-4ਸਿੱ5/ 787000/1 ਮਿਤੀ 30.06.2016 ਜੀ ਰਾਹੀਂ ਕੀਤੇ ਆਦੇਸ਼ਾਂ ਦੇ ਸਨਮੁੱਖ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ ਜੀ ਵੱਲੋਂ ਹੁਕਮ ਨੰ: KW-5/46-15 ਵੋਕ (3) ਮਿਤੀ 19-07-2016 ਰਾਹੀਂ ਬਣਾਈ ਸਕਰੀਨਿੰਗ ਕਮੇਟੀ ਦੀ ਸਿਫਾਰਿਸ਼ ਅਨੁਸਾਰ ਹੇਠ ਲਿਖੇ ਵੋਕੇਸ਼ਨਲ ਟੀਚਰ/ਵਰਕ ਐਕਸਪੀਰੀਐਂਸ ਟੀਚਰ/ਮਾਸਟਰ ਤਕਨੀਸ਼ੀਅਨ ਗਰੇਡ-2, ਮਾਸਟਰ ਕਰਾਫਟਸ ਮੈਨ ਗਰੇਡ-2 ਤੋਂ ਬਤੌਰ ਵੋਕੇਸ਼ਨਲ ਮਾਸਟਰ ਪੇ ਬੈਂਡ 10300-34800 (ਗ੍ਰੇਡ ਪੇ 5000/-) ਦੇ ਗ੍ਰੇਡ ਵਿੱਚ ਆਰਜੀ ਤੌਰ ਤੇ ਹੇਠ ਲਿਖਿਆਂ ਸ਼ਰਤਾਂ ਤਹਿਤ ਤਰੱਕੀ ਦਿੱਤੀ ਜਾਂਦੀ ਹੈ:-

ਲੜੀ ਨੰ:	ਕਰਮਚਾਰੀ ਦਾ ਨਾਂ/ਅਹੁਦਾ	ਮੌਜੂਦਾ ਪੋਸਟਿੰਗ ਦਾ ਸਥਾਨ	ਜਿਸ ਕਾਡਰ ਵਿੱਚ ਤਰੱਕੀ ਕੀਤੀ ਜਾਣੀ ਹੈ	ਵਿਸ਼ਾ/ਟਰੇਡ
1	ਤੇਜਿੰਦਰ ਸੋਂਧੀ, ਮਾਸਟਰ ਤਕ ਗ੍ਰੇਡ-2	ਪੀ.ਟੀ.ਟੀ.ਟੀ.ਆਈ. ਮਾਹਿਲਪੁਰ, ਹੁਸ਼ਿਆਰਪੁਰ	ਵੋਕੇਸ਼ਨਲ ਮਾਸਟਰ	ਇਲੈਕਟ੍ਰੋਨਿਕ/ ਰੇਡੀਓ ਟੀ.ਵੀ. ਰਿਪੇਅਰ
2	ਰੁਪਿੰਦਰ ਸਿੰਘ, ਮਾਸਟਰ ਤਕ ਗ੍ਰੇਡ-2	ਪੀ.ਟੀ.ਟੀ.ਟੀ.ਆਈ. ਮਾਹਿਲਪੁਰ, ਹੁਸ਼ਿਆਰਪੁਰ	ਵੋਕੇਸ਼ਨਲ ਮਾਸਟਰ	ਮਕੈਨੀਕਲ
3	ਰਾਜਨਜੋਤ ਸਿੰਘ, ਮਾਸਟਰ ਕਰਾਫਟ ਗ੍ਰੇਡ-2	ਪੀ.ਟੀ.ਟੀ.ਟੀ.ਆਈ. ਮਾਹਿਲਪੁਰ, ਹੁਸ਼ਿਆਰਪੁਰ	ਵੋਕੇਸ਼ਨਲ ਮਾਸਟਰ	ਮਕੈਨੀਕਲ
4	ਹਰਮਨਪ੍ਰੀਤ ਸਿੰਘ, ਮਾਸਟਰ ਕਰਾਫਟ ਗ੍ਰੇਡ-2	ਪੀ.ਟੀ.ਟੀ.ਟੀ.ਆਈ. ਮਾਹਿਲਪੁਰ, ਹੁਸ਼ਿਆਰਪੁਰ	ਵੋਕੇਸ਼ਨਲ ਮਾਸਟਰ	ਮਕੈਨੀਕਲ
5	ਨਿਰਮਲਜੀਤ ਸਿੰਘ ਮਾਸਟਰ ਕਰਾਫਟ ਗ੍ਰੇਡ-2	ਪੀ.ਟੀ.ਟੀ.ਟੀ.ਆਈ. ਮਾਹਿਲਪੁਰ, ਹੁਸ਼ਿਆਰਪੁਰ	ਵੋਕੇਸ਼ਨਲ ਮਾਸਟਰ	ਇਲੈਕਟ੍ਰੋਨਿਕ/ ਰੇਡੀਓ ਟੀ.ਵੀ. ਰਿਪੇਅਰ
6	ਸਤਿੰਦਰਪਾਲ ਸਿੰਘ, ਵਰਕ ਐਕਸਪਰੀਐਂਸ ਟੀਚਰ	ਸਹਸ ਅਹਿਰਾਣਾ ਕਲਾਂ, (ਹੁਸ਼ਿਆਰਪੁਰ)	ਵੋਕੇਸ਼ਨਲ ਮਾਸਟਰ	ਇਲੈਕਟ੍ਰੀਕਲ/ ਰਿਪੇਅਰ ਐਂਡ ਮੈਨਟੀਨੈਂਸ ਆਫ ਇਲੈਕਟ੍ਰੀਕਲ ਗਜ਼ਟਸ
7	ਅਵਤਾਰ ਸਿੰਘ, ਵਰਕ ਐਕਸਪਰੀਐਂਸ ਟੀਚਰ	ਸਸਸਸ (ਮੁੰ) ਸ਼੍ਰੀ ਮੁਕਤਸਰ ਸਾਹਿਬ	ਵੋਕੇਸ਼ਨਲ ਮਾਸਟਰ	ਮਕੈਨੀਕਲ
8	ਕੁਸ਼ਲ ਦੇਵ, ਵੋਕ.ਟੀਚਰ	ਸਸਸਸ ਲਹਿਰਾਗਾਗਾ, ਸੰਗਰੂਰ	ਵੋਕੇਸ਼ਨਲ ਮਾਸਟਰ	ਇਲੈਕਟ੍ਰੋਨਿਕ/ ਰੇਡੀਓ ਟੀ.ਵੀ. ਰਿਪੇਅਰ

ਨੋਟ: ਉਕਤ ਪਦ ਉੱਨਤ ਕਰਮਚਾਰੀ ਹਾਲ ਦੀ ਘੜੀ ਆਪਣੇ ਮੌਜੂਦਾ ਸਕੂਲ ਮੁਖੀ/ਜਿਲ੍ਹਾ ਸਿੱਖਿਆ ਅਫਸਰ(ਸੈਸਿ) ਨੂੰ ਆਪਣੀ ਨੋਸ਼ਨਲ ਹਾਜਰੀ ਦੇਣਗੇ, ਕਰਮਚਾਰੀਆਂ ਨੂੰ ਸਟੇਸ਼ਨ ਬਾਅਦ ਵਿੱਚ ਅਲਾਟ ਕੀਤੇ ਜਾਣਗੇ।

ਸ਼ਰਤਾਂ:

1. ਸਬੰਧਤ ਕਰਮਚਾਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਯੋਗਤਾ ਪ੍ਰਾਪਤ ਹੋਏ ਅਤੇ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਅਨੁਸਾਰ ਵਿਸ਼ਾ ਜ਼ੋੜ ਦੀ ਸ਼ਰਤਾਂ ਪੂਰੀਆਂ ਕਰਦਾ ਹੋਵੇ।
2. ਤਰੱਕੀ ਉਪਰੰਤ ਪੋਸਟਿੰਗ ਖਾਲੀ ਥਾਂ ਤੇ ਹਾਜਰ ਕਰਵਾਉਣ ਤੋਂ ਪਹਿਲਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ)/ਸੰਸਥਾ ਮੁੱਖੀ ਉਸ ਦਾ ਅਪ-ਟੂ-ਡੇਟ ਸੇਵਾ ਰਿਕਾਰਡ ਚੈਕ ਕਰਨਗੇ, ਰਿਕਾਰਡ ਤਸੱਲੀ ਬਖ਼ਸ਼ ਨਾ ਹੋਣ ਦੀ ਸੂਰਤ ਵਿੱਚ ਹਾਜਰ ਨਾ ਕਰਵਾਇਆ ਜਾਵੇ ਸਗੋਂ ਇਸ ਬਾਰੇ ਸੂਚਨਾ ਡਾਇਰੈਕਟੋਰੇਟ ਨੂੰ ਭੇਜੀ ਜਾਵੇ।
3. ਇਹ ਤਰੱਕੀ ਦੇ ਹੁਕਮ ਤੱਥਾਂ ਦੇ ਗਲਤ ਹੋਣ ਜਾਂ ਸਬੰਧਤ ਕਰਮਚਾਰੀ ਵੱਲੋਂ ਗਲਤ ਵੇਰਵੇ ਦੇਣ ਕਾਰਨ, ਉਸ ਤੋਂ ਸੀਨੀਅਰ ਕਰਮਚਾਰੀ/ਕਰਮਚਾਰਨ ਵੱਲੋਂ ਤਰੱਕੀ ਦੀ ਮੰਗ ਕਰਨ ਤੇ ਜਾਂ ਕੰਮ ਆਚਰਣ ਤਸੱਲੀ ਬਖ਼ਸ਼ ਨਾ ਹੋਣ ਕਾਰਨ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ ਅਤੇ ਕਰਮਚਾਰੀ ਨੂੰ ਇਸ ਸਬੰਧ ਵਿੱਚ ਦਿੱਤੇ ਗਏ ਹਰ ਤਰਾਂ ਦੇ ਵਿੱਤੀ ਲਾਭ ਰਿਕਵਰ ਕਰ ਲਏ ਜਾਣਗੇ।

19/8/16

4. ਸਬੰਧਤ ਕਰਮਚਾਰੀਆਂ ਦੀ ਕਾਡਰ ਵਿੱਚ ਸੀਨੀਆਰਤ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ।
5. ਸਬੰਧਤ ਕਰਮਚਾਰੀਆਂ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜਰ ਕਰਵਾਇਆ ਜਾਵੇਗਾ।
6. ਜੇਕਰ ਸਬੰਧ ਕਰਮਚਾਰੀ ਨਿਸ਼ਚਿਤ ਸਮੇਂ ਦੇ ਅੰਦਰ-2 ਆਪਣੀ ਤਰੱਕੀ ਅਵੇਲ ਨਹੀਂ ਕਰਦਾ ਤਾਂ ਇਸ ਸਬੰਧੀ ਇੰਦਰਾਜ ਸਮਰੱਥ ਅਧਿਕਾਰੀ(ਡੀ.ਡੀ.ਓਜ਼.) ਉਸ ਦੀ ਸੇਵਾ ਪੱਤਰੀ ਵਿੱਚ ਕਰੇਗਾ।
7. ਜੇਕਰ ਕਿਸੇ ਕਾਰਨ ਵੱਖ-ਵੱਖ ਕਾਡਰਾਂ ਵਿੱਚ ਪੱਦ ਉਨਤ ਕਰਮਚਾਰੀਆਂ ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਜਾਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰਿਵਰਟ ਕਰ ਦਿੱਤਾ ਜਾਵੇਗਾ।
8. ਇਹ ਤਰੱਕੀ ਇੱਕ ਸਾਲ ਦੇ ਪ੍ਰੋਬੇਸ਼ਨ ਤੇ ਹੋਵੇਗੀ।
9. ਕਿਸੇ ਵੀ ਕਰਮਚਾਰੀ ਨੂੰ ਪਿੱਛਲੇ ਪੰਜ ਸਾਲਾਂ ਤੋਂ ਤਰੱਕੀ ਦੀ ਮਿਤੀ ਤੱਕ ਸਜਾ ਅਤੇ ਅਪੀਲ ਰੂਲਜ਼ 1970 ਅਧੀਨ ਕੋਈ ਸਜਾ ਨਾ ਦਿੱਤੀ ਗਈ ਹੋਵੇ।
10. ਇਹ ਸੁਨਿਸਚਿਤ ਕੀਤਾ ਜਾਵੇਗਾ ਕਿ ਜਿਹਨ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਵਿਦਿਅਕ ਯੋਗਤਾ ਹਾਸਲ ਕੀਤੀਆਂ ਹਨ ਉਹਨਾਂ ਨੇ ਵਿਭਾਗੀ ਮਨਜ਼ੂਰੀ ਲਈ ਹੋਵੇ ਅਤੇ ਇਹ ਚੈਕ ਕਰ ਲਈ ਜਾਵੇ।
11. ਇਹਨਾਂ ਤਰੱਕੀਆਂ ਸਬੰਧੀ ਜੇਕਰ ਵਿਭਾਗ ਦਾ ਕੋਈ ਕੋਰਟ ਕੇਸ/ਐਲ.ਪੀ.ਏ./ਐਸ.ਐਲ.ਪੀ. ਮਾਨਯੋਗ ਵਿੱਚ ਪੈਂਡਿਗ ਹੈ ਤਾਂ ਇਹਨਾਂ ਤਰੱਕੀਆਂ ਤੇ ਮਾਨਯੋਗ ਕੋਰਟ ਵੱਲੋਂ ਦਿੱਤਾ ਫੈਸਲਾ ਲਾਗੂ ਹੋਵੇਗਾ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

ਪਿੱਠ ਅੰਕਣ ਨੰ: ਉਕਤ /7419-61 ਮਿਤੀ:- 19-8-16

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ ਜੀ ਨੂੰ ਉਹਨਾਂ ਦੇ ਪੱਤਰ ਨੰ:19/52/2016-4ਸਿੱ5/787000/1 ਮਿਤੀ 30.06.2016 ਦੇ ਸਬੰਧ ਵਿੱਚ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
3. ਮੰਡਲ ਸਿੱਖਿਆ ਅਫਸਰ ਨਾਭਾ/ਫਰੀਦਕੋਟ/ਜਲੰਧਰ।
4. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰਤ ਹਾਜਰ ਕਰਵਾਉਣ ਤੋਂ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਸੇਵਾ ਰਿਕਾਰਡ, ਸਲਾਨਾ ਗੁਪਤ ਰਿਪੋਰਟਾਂ, ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਸਬੰਧੀ ਰਿਕਾਰਡ ਚੈਕ ਕਰਨਗੇ। ਇਹ ਵੀ ਸੁਨਿਸ਼ਚਿਤ ਕਰਨਗੇ ਕਿ ਕਰਮਚਾਰੀਆਂ ਦੀ ਯੋਗਤਾਵਾਂ ਯੂ.ਜੀ.ਸੀ./ਬੋਰਡ/ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੀ ਹਨ। ਉਸ ਦਾ ਰਿਕਾਰਡ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਤੁਰੰਤ ਡਾਇਰੈਕਟੋਰੇਟ ਨੂੰ ਸੂਚਿਤ ਕਰਨਗੇ।
5. ਪਿੰਸ੍ਰੀਪਲ ਪੀ.ਟੀ.ਟੀ.ਟੀ.ਆਈ. ਮਾਹਿਲਪੁਰ, ਹੁਸ਼ਿਆਰਪੁਰ/ਸਬੰਧਤ ਸਕੂਲ ਮੁਖੀ।
6. ਸਬੰਧਤ ਕਰਮਚਾਰੀ।

19/8/16

ਡਿਪਟੀ ਡਾਇਰੈਕਟਰ ਵੋਕੇਸ਼ਨਲ